# Prime Minister’s Interaction with the Indian Community in Copenhagen

May 03, 2022

# ਪ੍ਰਧਾਨ ਮੰਤਰੀ ਦੀ ਕੋਪੇਨਹੈਗਨ ਵਿੱਚ ਭਾਰਤੀ ਸਮੁਦਾਇ ਦੇ ਨਾਲ ਗੱਲਬਾਤ

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਡੈਨਮਾਰਕ ਦੀ ਪ੍ਰਧਾਨ ਮੰਤਰੀ ਮਹਾਮਹਿਮ ਸੁਸ਼੍ਰੀ ਮੇਟੇ ਫ੍ਰੈਡਰਕਿਸਨ ਦੇ ਨਾਲ ਕੋਪੇਨਹੈਗਨ ਸਥਿਤ ਬੇਲਾ ਸੈਂਟਰ ਵਿੱਚ ਭਾਰਤੀ ਸਮਦਾਇ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਦੇ ਨਾਲ ਗੱਲਬਾਤ ਕੀਤੀ। ਡੈਨਮਾਰਕ ਵਿੱਚ ਭਾਰਤੀ ਸਮੁਦਾਇ ਦੇ 1000 ਤੋਂ ਅਧਿਕ ਮੈਂਬਰਾਂ, ਜਿਨ੍ਹਾਂ ਵਿੱਚ ਵਿਦਿਆਰਥੀ, ਖੋਜਾਰਥੀ, ਪੇਸ਼ੇਵਰ ਅਤੇ ਕਾਰੋਬਾਰੀ ਵਿਅਕਤੀ ਸ਼ਾਮਲ ਸਨ, ਨੇ ਇਸ ਸਮਾਗਮ ਵਿੱਚ ਹਿੱਸਾ ਲਿਆ।

ਪ੍ਰਧਾਨ ਮੰਤਰੀ ਸ਼੍ਰੀ ਮੋਦੀ ਨੇ ਪ੍ਰਧਾਨ ਮੰਤਰੀ ਸੁਸ਼੍ਰੀ ਫ੍ਰੈਡਰਕਿਸਨ ਦੀ ਗਰਮਜੋਸ਼ੀ ਅਤੇ ਭਾਰਤੀਆਂ ਦੇ ਪ੍ਰਤੀ ਸਨਮਾਨ ਦੀ ਸਰਾਹਨਾ ਕੀਤੀ ਅਤੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਦੋਨੋਂ ਦੇਸ਼ ਹਰਿਤ ਵਿਕਾਸ ਦੇ ਲਈ ਮੌਲਿਕ ਸਮਾਧਾਨ ਖੋਜਣ ਵਿੱਚ ਮਿਲ ਕੇ ਕੰਮ ਕਰ ਸਕਦੇ ਹਨ। ਉਨ੍ਹਾਂ ਨੇ ਡੈਨਮਾਰਕ ਵਿੱਚ ਭਾਰਤੀ ਸਮੁਦਾਇ ਦੁਆਰਾ ਨਿਭਾਈ ਗਈ ਸਕਾਰਾਤਮਕ ਭੂਮਿਕਾ ਦੀ ਸਰਾਹਨਾ ਕੀਤੀ। ਉਨ੍ਹਾਂ ਨੇ ਭਾਰਤ ਦੀ ਆਰਥਿਕ ਸਮਰੱਥਾ ਉੱਤੇ ਚਾਨਣਾ ਪਾਇਆ ਅਤੇ ਭਾਰਤ ਅਤੇ ਡੈਨਮਾਰਕ ਦੇ ਦਰਮਿਆਨ ਹੋਰ ਅਧਿਕ ਸਹਿਯੋਗ ਦਾ ਸੱਦਾ ਦਿੱਤਾ।

**ਕੋਪਨਹੇਗਨ**
**03 ਮਈ, 2022**

DISCLAIMER: This is an approximate translation. The original is available in English on MEA’s website and may be referred to as the official press release.